# THE DANGERS OF ILLEGAL MIGRATION: IK HOR PUL SARAAT

# ਗ਼ੈਰ-ਕਾਨੂੰਨੀ ਪਰਵਾਸ ਦੇ ਜੋਖ਼ਮਾਂ ਦੀ ਦਾਸਤਾਂ: ਇਕ ਹੋਰ ਪੁਲ ਸਰਾਤ

**ਡਾ. ਗੁਰਮੀਤ ਸਿੰਘ (Dr. Gurmeet Singh)**

**ਪਿੰਡ ਰਾਮ ਨਗਰ (ਬਖ਼ਸ਼ੀਵਾਲਾ), ਡਾਕ. ਬੀਬੀਪੁਰ, ਤਹਿ. ਤੇ ਜ਼ਿਲ੍ਹਾ ਪਟਿਆਲਾ।**

**Email ID: gurmeetsingh.uni@gmail.com ਮੋਬਾਈਲ: +91-9988251904**

**ABSTRACT**

*ਬਲਦੇਵ ਸਿੰਘ ਗਰੇਵਾਲ ਦਾ ਨਾਵਲ 'ਇਕ ਹੋਰ ਪੁਲ ਸਰਾਤ' ਗ਼ੈਰ-ਕਾਨੂੰਨੀ ਪਰਵਾਸ ਦੇ ਅੰਤਰਰਾਸ਼ਟਰੀ ਵਰਤਾਰੇ ਨੂੰ ਵਿਆਪਕ ਪੱਧਰ 'ਤੇ ਚਿਤਰਦਾ ਹੈ। ਨਾਵਲ ਵਿਚ ਪੰਜਾਬ ਸੰਕਟ ਦੌਰਾਨ ਪੁਲਿਸ ਅਤੇ ਅਤਿਵਾਦੀਆਂ ਦੀ ਦੋਹਰੀ ਮਾਰ ਹੇਠ ਆਈਆਂ ਪੰਜਾਬੀ ਸ਼ਨਾਖਤਾਂ ਕਈ ਤਰ੍ਹਾਂ ਉਖਾੜੀਆਂ ਗਈਆਂ ਹਨ। ਸਮਾਜਕ ਚੌਗਿਰਦੇ ਵਿਚਲੀ ਗੜਬੜ ਤੇ ਅਫ਼ਵਾਹਾਂ ਦੇ ਮਾਹੌਲ ਨੂੰ ਸ਼ਰਾਰਤੀ ਅਨਸਰ ਆਪਣੇ ਸਵਾਰਥ ਅਤੇ ਬਦਲੇ ਲੈਣ ਲਈ ਵਰਤਦੇ ਹਨ। ਅਜਿਹੇ ਸ਼ਖ਼ਸਾਂ ਦੁਆਰਾ ਅਪਣਾਏ ਗਏ ਹੱਥਕੰਡੇ ਹੋਰਨਾਂ ਲਈ ਜਾਨ ਦਾ ਖੌ ਅਤੇ ਪਰਵਾਸ ਦਾ ਕਾਰਨ ਬਣ ਜਾਂਦੇ ਹਨ।*

*ਗ਼ੈਰ-ਕਾਨੂੰਨੀ ਰਾਹਾਂ ਕਾਰਨ ਘੰਟਿਆਂ ਦਾ ਸਫ਼ਰ, ਘੰਟਿਆਂ ਤੋਂ ਦਿਨਾਂ, ਦਿਨਾਂ ਤੋਂ ਮਹੀਨਿਆਂ ਤੇ ਮਹੀਨਿਆਂ ਤੋਂ ਸਾਲਾਂ ਵਿਚ ਫੈਲ ਜਾਂਦਾ ਹੈ। ਇਸ ਤਰ੍ਹਾਂ ਨਾਵਲ ਪੌਣੇ ਦੋ ਸਾਲ ਦੇ ਕਰੀਬ ਸਮੇਂ ਨੂੰ ਚਿਤਰਦਾ ਗ਼ੈਰ-ਕਾਨੂੰਨੀ ਰਸਤਿਆਂ ਦੀਆਂ ਅਮਾਨਵੀ ਹਕੀਕਤਾਂ ਦੀਆਂ ਤਹਿਆਂ ਫਰੋਲਦਾ ਜਾਂਦਾ ਹੈ। ਇਨ੍ਹਾਂ ਰਸਤਿਆਂ ਉੱਪਰ ਪਲ-ਪਲ ਮੌਤ ਦਾ ਸਹਿਮ ਉਨ੍ਹਾਂ ਨੂੰ ਡਰਾਉਂਦਾ ਤੇ ਸਤਾਉਂਦਾ ਰਹਿੰਦਾ ਹੈ। ਜੰਗਲਾਂ ਦੇ ਹਨੇਰੇ ਰਸਤਿਆਂ ਵਿਚੋਂ ਲੰਘਦਿਆਂ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ਾਂ ਅਤੇ ਰਸਤਿਆਂ ਦੀ ਥਕਾਵਟ ਜਾਂ ਬਿਮਾਰ ਹੋਣ ਕਾਰਨ ਆਪਣੇ ਗਰੁੱਪ ਤੋਂ ਵਿਛੜ ਕੇ ਭਟਕਦਿਆਂ ਤੇ ਭੁੱਖ-ਪਿਆਸ ਨਾਲ ਘੁਲਦਿਆਂ ਜ਼ਿੰਦਗੀ ਤੋਂ ਵਿਛੜਿਆਂ ਦੀਆਂ ਲਾਸ਼ਾਂ ਸੁੰਨ ਕਰ ਜਾਂਦੀਆਂ ਹਨ। ਕੁੜੀਆਂ ਮੁੰਡਿਆਂ ਵਾਲੀਆਂ ਸਭ ਪ੍ਰੇਸ਼ਾਨੀਆਂ ਤੇ ਸਮੱਸਿਆਵਾਂ ਝੱਲਦੀਆਂ ਹੋਈਆਂ ਵੱਖਰੇ ਜੈਂਡਰ ਕਾਰਨ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੱਖਰਾ ਸੰਤਾਪ ਭੋਗਦੀਆਂ ਹਨ।*

*ਪਰਵਾਸ ਵਿਚ 'ਸਭ ਕੁਝ ਚੰਗਾ ਹੈ', ਵਾਲਾ ਪਹਿਲਾਂ ਤੋਂ ਸਿਰਜਿਤ ਬਿੰਬ ਕੇਵਲ ਸਾਕਾਰ ਹੀ ਨਹੀਂ ਹੁੰਦਾ ਬਲਕਿ ਉਸ ਸਮਾਜ ਵਿਚਲੀਆਂ ਅਲਾਮਤਾਂ ਵੱਲ ਸੰਕੇਤ ਕਰਦੀਆਂ ਘਟਨਾਵਾਂ ਕਾਰਨ ਇਹ ਤਿੜਕਦਾ ਵੀ ਹੈ। ਪਰਵਾਸ ਦੇ ਗ਼ੈਰ-ਕਾਨੂੰਨੀ ਰਾਹਾਂ ਦੇ ਜੋਖ਼ਮਾਂ ਵਿਚੋਂ ਲੰਘਦੀ ਜ਼ਿੰਦਗੀ ਨੂੰ ਸਾਮੀ ਪ੍ਰੰਪਰਾ ਵਿਚਲੇ 'ਪੁਲਸਰਾਤ' ਦੇ ਮੈਟਾਫਰ ਵਿਚ ਇਸ ਤਰ੍ਹਾਂ ਬੰਨਿਆ ਹੈ ਕਿ ਜ਼ਿੰਦਗੀ ਦੇ ਰਾਹ ਵਿਚਲੀਆਂ ਮੁਸ਼ਕਿਲਾਂ 'ਪੁਲਸਰਾਤ' ਤੋਂ ਵੱਡੀਆਂ ਲਗਦੀਆਂ ਹਨ। ਡੰਕੀ ਰਾਹੀਂ ਅਮਰੀਕਾ ਪਰਵਾਸ ਕਰਨ ਵਾਲਿਆਂ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਵਧੀ ਹੀ ਹੈ ਘਟੀ ਨਹੀਂ। ਜਿਸ ਸਦਕਾ ਇਹ ਨਾਵਲ ਆਪਣੀ ਸਾਰਥਕਤਾ ਆਪ ਬਿਆਨ ਕਰਦਾ ਹੋਇਆ ਇਸ 'ਇਕ ਹੋਰ ਪੁਲ ਸਰਾਤ' 'ਤੇ ਤੁਰਨ ਤੋਂ ਪਹਿਲਾਂ ਸੋਚਣ, ਵਿਚਾਰਨ ਦੀ ਸੋਝੀ ਪ੍ਰਦਾਨ ਕਰਦਾ ਹੈ।*

***ਕੀਵਰਡ :*** **ਬਲਦੇਵ ਸਿੰਘ ਗਰੇਵਾਲ, 'ਇਕ ਹੋਰ ਪੁਲ ਸਰਾਤ' ਨਾਵਲ, ਪਰਵਾਸੀ ਪੰਜਾਬੀ ਸਾਹਿਤ, ਗ਼ੈਰ-ਕਾਨੂੰਨੀ ਪਰਵਾਸ, *ਮੂਲਵਾਸ।***

'ਇਕ ਹੋਰ ਪੁਲ ਸਰਾਤ' ਨਾਵਲ ਪਰਵਾਸੀ ਪੰਜਾਬੀ ਸਾਹਿਤ ਵਿਚ ਇਕ ਗਲਪਕਾਰ ਵਜੋਂ ਆਪਣੀ ਪਛਾਣ ਬਣਾ ਚੁੱਕੇ ਬਲਦੇਵ ਸਿੰਘ ਗਰੇਵਾਲ ਦਾ ਦੂਜਾ ਨਾਵਲ ਹੈ। ਉਸ ਦਾ ਪਹਿਲਾ ਨਾਵਲ 'ਪਰਿਕਰਮਾ' 2014 ਵਿਚ ਪ੍ਰਕਾਸ਼ਿਤ ਹੋਇਆ। ਇਹ ਨਾਵਲ ਪਰਵਾਸੀ ਪੰਜਾਬੀ ਬੰਦੇ ਦੇ ਮੂਲਵਾਸ ਨਾਲ ਜੁੜੇ ਹੇਰਵਿਆਂ, ਵਿਗੋਚਿਆਂ, ਯਾਦਾਂ ਅਤੇ ਨਵੇਂ ਪੈਦਾ ਹੋਏ ਸੰਬੰਧਾਂ ਦਾ ਦਿਲ ਹਲੂਣ ਦੇਣ ਵਾਲਾ ਬਿਰਤਾਂਤ ਹੈ। ਨਾਵਲ ਤੋਂ ਇਲਾਵਾ 'ਸੀਤੇ ਬੁੱਲ੍ਹਾਂ ਦਾ ਸੁਨੇਹਾ' ਕਹਾਣੀ ਸੰਗ੍ਰਹਿ ਵਿਚ ਉਸ ਨੇ ਕਾਲਪਨਿਕ ਕਹਾਣੀਆਂ ਅਤੇ 'ਰੌਸ਼ਨੀ ਦੀ ਦਸਤਕ' ਤੇ 'ਓਸਾਮਾ ਬਿਨ ਲਾਦੇਨ ਦਾ ਅੰਤ' ਪੁਸਤਕਾਂ ਵਿਚ ਕੁਝ ਸੱਚੀਆਂ ਕਹਾਣੀਆਂ 'ਤੇ ਆਧਾਰਿਤ ਬਿਰਤਾਂਤ ਸਿਰਜ ਕੇ ਆਪਣੀ ਸਾਹਿਤ ਸੰਵੇਦਨਾ ਦੇ ਸਰੋਕਾਰਾਂ ਅਤੇ ਵਾਬਸਤਗੀਆਂ ਨਾਲ ਡੂੰਘੀ ਜਾਣ-ਪਛਾਣ ਕਰਵਾਈ ਹੈ। ਉਸ ਨੇ ਭਾਵੇਂ ਘੱਟ ਲਿਖਿਆ ਪਰ ਪੰਜਾਬੀ ਪਾਠਕ ਜਗਤ ਵਿਚ ਪਰਵਾਸੀ ਜੀਵਨ ਸੰਬੰਧੀ ਆਪਣੀ ਨਿਵੇਕਲੀ ਪਹੁੰਚ ਸਦਕਾ ਚਰਚਿਤ ਹੋ ਚੁੱਕਾ ਹੈ।

ਬਲਦੇਵ ਸਿੰਘ ਗਰੇਵਾਲ ਦਾ ਨਵਾਂ ਨਾਵਲ 'ਇਕ ਹੋਰ ਪੁਲ ਸਰਾਤ' ਪਰਵਾਸ ਦੇ ਅੰਤਰਰਾਸ਼ਟਰੀ ਵਰਤਾਰੇ ਨੂੰ ਵਿਆਪਕ ਪੱਧਰ 'ਤੇ ਚਿਤਰਦਾ ਹੈ। ਭਾਵੇਂ ਮੂਲ ਕਹਾਣੀ ਪੰਜਾਬੀ ਪਰਵਾਸ ਨਾਲ ਜੁੜੀ ਹੋਈ ਹੈ ਪਰ ਇਸ ਨਾਵਲ ਦੇ ਫੋਕਸ ਵਿਚ ਮੁਖ ਤੌਰ 'ਤੇ ਪੰਜਾਬੀ ਪਾਤਰ ਸੁਖਜੀਤ, ਜਿੰਦਰ, ਹਰਪਾਲਜੀਤ, ਕਰਨੈਲ ਆਦਿ ਦੇ ਹਵਾਲੇ ਨਾਲ ਅੱਸੀਵਿਆਂ ਵਿਚ ਹੋਇਆ ਪੰਜਾਬ ਸੰਕਟ ਦੇ ਸੰਦਰਭ ਵਿਚ ਗ਼ੈਰ-ਕਾਨੂੰਨੀ ਪਰਵਾਸ ਹੈ। ਇਸ ਵਿਚ

ਆਰਿਫ਼ ਤੇ ਹੋਰ ਗੁਜਰਾਤੀ ਮੁੰਡੇ ਜੋ ਕਿ ਗੁਜਰਾਤ ਤੋਂ ਹਨ, ਮੁਸ਼ਤਾਕ ਜੋ ਕਿ ਪਾਕਿਸਤਾਨ ਤੋਂ ਹੈ, ਐਂਡਰਸ ਤੇ ਅੰਤੋਨੀਆ ਜੋ ਕਿ ਕੋਲੰਬੀਆ ਤੋਂ ਹਨ, ਰਾਹੀਂ ਦੇਸ਼ ਦੇ ਵੱਖ-ਵੱਖ ਖਿੱਤਿਆਂ ਤੋਂ ਹੀ ਨਹੀਂ ਬਲਕਿ ਹੋਰਨਾਂ ਵਿਕਾਸ ਅਧੀਨ ਦੇਸ਼ਾਂ ਤੋਂ ਹੋ ਰਹੇ ਗ਼ੈਰ-ਕਾਨੂੰਨੀ ਪਰਵਾਸ ਦੀ ਵੀ ਪੇਸ਼ਕਾਰੀ ਹੈ।

ਇਨ੍ਹਾਂ ਪਾਤਰਾਂ ਰਾਹੀਂ ਨਾਵਲਕਾਰ ਪਰਵਾਸ ਦੇ ਵਿਭਿੰਨ ਕਾਰਨਾਂ ਦਾ ਵਿਸਾਹ ਪੇਸ਼ ਕਰਦਾ ਹੈ। ਇਹ ਪਰਵਾਸ ਭਾਵੇਂ ਪਹਿਲਾਂ ਬਿਹਤਰ ਆਰਥਕ ਪਦਾਰਥਕ ਸਹੂਲਤਾਂ ਲਈ ਕੀਤਾ ਜਾ ਰਿਹਾ ਸੀ। ਪਰ ਇਸ ਨਾਵਲ ਵਿਚ ਪਰਵਾਸ ਦੇ ਪਿਛੋਕੜ ਵਿਚ ਪੰਜਾਬ ਵਿਚਲਾ 1984 ਸਮੇਂ ਦਾ ਮਾਹੌਲ ਅਤੇ ਪੰਜਾਬ ਸੰਕਟ ਦੌਰਾਨ ਉੱਭਰਦੀਆਂ ਪ੍ਰਸਥਿਤੀਆਂ ਹਨ। ਘੱਟ ਗਿਣਤੀ ਭਾਈਚਾਰੇ ’ਤੇ ਹੋ ਰਹੇ ਤਸ਼ੱਦਦ ਨਾਲੋਂ ਵੱਧ ਪੁਲਿਸ ਅਤੇ ਅਤਿਵਾਦੀਆਂ ਦੀ ਦੋਹਰੀ ਮਾਰ ਹੇਠ ਆਈਆਂ ਪੰਜਾਬੀ ਸ਼ਨਾਖਤਾਂ ਇਸ ਨਾਵਲ ਵਿਚ ਕਈ ਤਰ੍ਹਾਂ ਉਘਾੜੀਆਂ ਗਈਆਂ ਹਨ।

ਨਾਵਲੀ ਬਿਰਤਾਂਤ ਵਿਚ ਜਿੰਦਰ ਅਤੇ ਉਸ ਦਾ ਪਰਿਵਾਰ ਅਤਿਵਾਦੀਆਂ ਦੇ ਤਸ਼ੱਦਦ ਦਾ ਸ਼ਿਕਾਰ ਹੁੰਦਾ ਹੈ। ਜਿੰਦਰ ਦਾ ਪਿਤਾ ਗਿਆਨ ਸਿੰਘ ਪੁਲਿਸ ਦੀ ਨੌਕਰੀ ਕਰਦਾ ਸੀ। ਇਕ ਰਾਤ ਅਤਿਵਾਦੀਆਂ ਵੱਲੋਂ ਘਰ ਵਿਚ ਆਣ ਕੇ ਉਸ ਦੇ ਪਿਤਾ ਨੂੰ ਗੋਲ਼ੀਆਂ ਮਾਰ ਕੇ ਮਾਰ ਦਿੱਤੀ ਜਾਂਦਾ ਹੈ। ਗੋਲ਼ੀਆਂ ਮਾਰਨ ਵਾਲਿਆਂ ਦਾ ਕਹਿਣਾ ਸੀ:-

*“ਜਦ ਖ਼ਾਲਸੇ ਨੇ ਹੁਕਮ ਦਿੱਤਾ ਸੀ ਕਿ ਪੁਲਿਸ ਦੀ ਨੌਕਰੀ ਛੱਡ ਦਿਉ, ਫਿਰ ਹੁਕਮ ਅਦੂਲੀ ਕਿਉਂ ਕੀਤੀ?”* [1]

ਨਾਵਲੀ ਬਿਰਤਾਂਤ ਪੁਲਿਸ ਤਸ਼ੱਦਦ ਨੂੰ ਕਿਸੇ ਵੀ ਤਰ੍ਹਾਂ ਅੱਖੋਂ ਪਰੋਖੇ ਨਹੀਂ ਕਰਦਾ। ਪੁਲਿਸ ਵਾਲਿਆਂ ਵੱਲੋਂ ਤਰੱਕੀਆਂ ਲੈਣ ਲਈ ਬੇਗੁਨਾਹ ਮੁੰਡਿਆਂ ਨੂੰ ਝੂਠੇ ਮੁਕਾਬਲੇ ਬਣਾ ਕੇ ਮਾਰਨ ਜਾਂ ਮੋਟੀਆਂ ਰਿਸ਼ਵਤਾਂ ਲੈ ਕੇ ਛੱਡਣ ਦੀਆਂ ਕਾਰਵਾਈਆਂ ਪੰਜਾਬੀ ਬੰਦੇ ਦੇ ਸੰਕਟਾਂ ਨੂੰ ਉਜਾਗਰ ਕਰਦੀਆਂ ਹਨ। ਇਸ ਰਿਸ਼ਵਤ ਦੇ ਪੈਸੇ ਨੂੰ ਉਹ ਆਪਣੇ ਬੱਚਿਆਂ ਨੂੰ ਬਾਹਰ ਸੈੱਟ ਕਰਨ ਲਈ ਵਰਤ ਰਹੇ ਸਨ। ਵਕਤਾ ਦੇ ਬਿਆਨ ਅਨੁਸਾਰ:-

*ਪੁਲਿਸ ਅਫ਼ਸਰ ਜੋ ਗਰੀਬਾਂ ਦੇ ਨਿਰਦੋਸ਼ ਪੁੱਤਰਾਂ ਨੂੰ ਫੜ ਕੇ ਉਹਨਾਂ ਤੋਂ ਮੋਟੀਆਂ ਵੱਢੀਆਂ ਲੈ ਕੇ ਕਮਾਈ ਕਰ ਰਹੇ ਹਨ। ਉਸ ਕਮਾਈ ਨੂੰ ਵਿਦੇਸ਼ਾਂ ਵਿਚ ਆਪਣੇ ਬੱਚਿਆਂ ਨੂੰ ਸੈਟਲ ਕਰਨ ਲਈ ਵਰਤ ਰਹੇ ਹਨ।* [2]

ਪੁਲਿਸ ਦਾ ਪੰਜਾਬ ਦੇ ਮਾਹੌਲ ਵਿਚ ਜ਼ਹਿਰ ਘੋਲਣ ਵਾਲਾ ਰੋਲ ਉਜਾਗਰ ਹੋਣ ਦੇ ਨਾਲ ਹੋ ਰਹੇ ਪਰਵਾਸ ਦਾ ਇਕ ਵੱਖਰਾ ਪੱਖ ਵੀ ਸਾਹਮਣੇ ਆਉਂਦਾ ਹੈ।

ਇਸੇ ਤਰ੍ਹਾਂ ਨਾਵਲੀ ਬਿਰਤਾਂਤ ਵਿਚ ਕਰਨੈਲ ਸਿੰਘ ਦੀ ਭੈਣ ਅਤਿਵਾਦੀਆਂ ਦੀ ਆੜ ਵਿਚ ਲੁਟੇਰਿਆਂ ਵੱਲੋਂ ਅਤੇ ਫਿਰ ਤਫ਼ਤੀਸ਼ ਦੇ ਬਹਾਨੇ ਸਮਾਜ ਦੇ ਰਾਖੇ ਪੁਲਿਸ ਵਾਲਿਆਂ ਵੱਲੋਂ ਬੇਪਤੀ ਦਾ ਸ਼ਿਕਾਰ ਹੁੰਦੀ ਹੈ। ਕਰਨੈਲ ਸਿੰਘ ਦੇ ਪਰਿਵਾਰ ਨਾਲ ਵਾਪਰਿਆ ਇਹ ਦੁਖਾਂਤ ਅਤਿਵਾਦੀਆਂ ਅਤੇ ਪੁਲਿਸ ਦੀਆਂ ਮਾਰੂ ਕਾਰਵਾਈਆਂ ਨੂੰ ਇੱਕੋ ਘਟਨਾ ਰਾਹੀਂ ਸਾਂਝੇ ਰੂਪ ਵਿਚ ਦ੍ਰਿਸ਼ਟੀਗੋਚਰ ਕਰਦਾ ਹੈ।

ਕਰਨੈਲ ਸਿੰਘ ਦੀ ਭੈਣ ਨਾਲ ਵਾਪਰੇ ਹਾਦਸੇ ਰਾਹੀਂ ਸ਼ਰਾਰਤੀ ਅਨਸਰਾਂ ਦੀ ਬਿਮਾਰ ਮਾਨਸਿਕਤਾ ਨੂੰ ਉਨ੍ਹਾਂ ਦੀਆਂ ਕਾਰਵਾਈਆਂ ਰਾਹੀਂ ਉਜਾਗਰ ਕਰਦਾ ਹੈ। ਰਾਤ ਦੇ ਹਨੇਰੇ ਵਿਚ ਅਤਿਵਾਦੀਆਂ ਦੇ ਭੇਸ ਵਿਚ ਕਰਨੈਲ ਦੀ ਭੈਣ ਦੀ ਬੇਪਤੀ ਕਰਨ ਵਾਲਿਆਂ ਵਿਚ ਉਸ ਦੇ ਕਾਲਜ ਵਿਚ ਪੜ੍ਹਦਾ ਰੁਲਦਾ ਸਿੰਘ ਵੀ ਸ਼ਾਮਲ ਹੁੰਦਾ ਹੈ ਜੋ ਪਹਿਲਾਂ ਤੋਂ ਹੀ ਕਾਲਜ ਵਿਚ ਉਸ ਨੂੰ ਤੰਗ ਪ੍ਰੇਸ਼ਾਨ ਕਰਦਾ ਸੀ। ਉਸ ਦੀ ਭੈਣ ਦੇ ਦੱਸਣ ਅਨੁਸਾਰ:-

*ਉਹਨਾਂ ਚੌਹਾਂ ਵਿਚ ਇਕ ਉਸਦੇ ਹੀ ਕਾਲਜ ਪੜ੍ਹਦਾ ਰਿਹਾ ਮੁੰਡਾ ਰੁਲਦਾ ਸਿੰਘ ਵੀ ਸੀ, ਜਿਹੜਾ ਕਾਲਜ ਵਿਚ ਵੀ ਉਸ ਉੱਪਰ ਭੈੜੀ ਨਜ਼ਰ ਰੱਖਦਾ ਸੀ।* [3]

ਸਮਾਜਕ ਚੌਗਿਰਦੇ ਵਿਚਲੀ ਗੜਬੜ ਅਫ਼ਵਾਹਾਂ ਦਾ ਅਜਿਹਾ ਮਾਹੌਲ ਸਿਰਜਦੀ ਹੈ ਕਿ ਸੱਚ-ਝੂਠ ਦਾ ਨਿਤਾਰਾ ਕਰਨਾ ਔਖਾ ਹੋ ਜਾਂਦਾ ਹੈ। ਇਸ ਅਫ਼ਵਾਹਾਂ ਦੇ ਮਾਹੌਲ ਨੂੰ ਸ਼ਰਾਰਤੀ ਅਨਸਰ ਆਪਣੀਆਂ ਨਿੱਜੀ ਚਾਹਤਾਂ, ਨਿੱਜੀ ਫ਼ਾਇਦਿਆਂ ਅਤੇ ਬਦਲੇ ਲੈਣ ਲਈ ਵਰਤਦੇ ਹਨ। ਅਜਿਹੇ ਸ਼ਖ਼ਸਾਂ ਦੁਆਰਾ ਇਨ੍ਹਾਂ ਭਾਵਨਾਵਾਂ ਦੀ ਪੂਰਤੀ ਲਈ ਅਪਣਾਏ ਗਏ ਹੱਥਕੰਡੇ ਹੋਰਨਾਂ ਲਈ ਜਾਨ ਦਾ ਖੌ ਬਣ ਜਾਂਦੇ ਹਨ। ਉਨ੍ਹਾਂ ਸਾਹਮਣੇ ਦੋ ਹੀ ਰਸਤੇ ਬਚਦੇ ਹਨ। ਪਹਿਲਾ ਮੂਲਵਾਸ ’ਤੇ ਰਹਿੰਦਿਆਂ ਹਰ ਪਲ ਮੌਤ ਦੇ ਖ਼ੌਫ਼ ਵਿਚ ਜੀਣਾ। ਦੂਜਾ ਜਿਉਂਦੇ ਰਹਿਣ ਲਈ ਪਰਵਾਸ ਦੇ ਰਾਹ ਤੁਰਨਾ। ਨਵਨੀਤ ਨਾਂ ਦਾ ਪਾਤਰ ਕਾਲਜ ਵਿਚ ਪੜ੍ਹਦੀ ਅੰਮ੍ਰਿਤਾ ਨੂੰ ਪ੍ਰਾਪਤ ਕਰਨ ਦੀ ਚਾਹਤ ਅਤੇ ਆਪਣੇ ਜਮਾਤੀ ਸੁਖਜੀਤ ਨੂੰ ਰਸਤੇ ਵਿਚੋਂ ਹਟਾਉਣ ਲਈ ਝੂਠ ਬੋਲਦਾ ਹੈ:-

*ਸੁੱਖੇ, ਸਾਡਾ ਦੋਸਤ ਦਾਰਾਪੁਰੀਆ ਸੁੱਖਾ, ਤੇਰੀ ਮੌਤ ਮਰ ਗਿਆ। ਤੇਰੇ ਭੁਲੇਖੇ ਪੁਲਿਸ ਨੇ ਉਸ ਨੂੰ ਚੁੱਕ ਕੇ ਮਾਰ ਦਿਤੈ। ਹੁਣ ਪੁਲਿਸ ਤੈਨੂੰ ਕਿਸੇ ਵੇਲੇ ਵੀ ਚੁੱਕ ਸਕਦੀ ਏ। ਭੱਜ ਜਾ ਸੁੱਖੇ। ਆਪਣੀ ਜਾਨ ਬਚਾ ਲਾ...* [4]

ਨਵਨੀਤ ਦੇ ਇਸ ਝੂਠ ਨੂੰ ਸੱਚ ਮੰਨ ਕੇ ਸੁਖਜੀਤ ਜਾਨ ਬਚਾਉਣ ਲਈ ਪਰਵਾਸ ਦੇ ਰਾਹ ਤੁਰ ਪੈਂਦਾ ਹੈ। ਇਸ ਤਰ੍ਹਾਂ ਨਵਨੀਤ ਦਾ ਆਪਣਾ ਸਵਾਰਥ ਸੁਖਜੀਤ ਦੇ ਪਰਵਾਸ ਦਾ ਕਾਰਨ ਬਣਦਾ ਹੈ।

ਪਰਵਾਸ ਦੇ ਹਵਾਲੇ ਨਾਲ ਵਿਕਾਸ ਅਧੀਨ ਸਾਰੇ ਦੇਸ਼ਾਂ ਦੇ ਸੰਕਟ ਲਗਭਗ ਇੱਕੋ ਜਿਹੇ ਹਨ। ਦੇਸ਼ਾਂ ਦੇ ਨਾਮ ਤੇ ਸਥਾਨ ਹੀ ਬਦਲਦੇ ਹਨ, ਬਾਕੀ ਪ੍ਰਸਥਿਤੀਆਂ ਇੱਕੋ ਜਿਹੀਆਂ ਹੀ ਰਹਿੰਦੀਆਂ ਹਨ। ਪੰਜਾਬ ਅੰਦਰ ਜਿੱਥੇ ਅਤਿਵਾਦੀਆਂ ਅਤੇ ਪੁਲਿਸ ਦੀ ਦਹਿਸ਼ਤ ਨੌਜਵਾਨਾਂ ਨੂੰ ਪਰਵਾਸ ਵੱਲ ਧੱਕਦੀ

ਹੈ ਉੱਥੇ ਕੋਲੰਬੀਆ ਵਿਚ ਮਾਫ਼ੀਏ ਕਾਰਨ ਐਂਡਰਸ ਅਤੇ ਅੰਤੋਨੀਆ ਵਰਗੇ ਪਰਵਾਸ ਕਰਨ ਲਈ ਮਜਬੂਰ ਹੋ ਜਾਂਦੇ ਹਨ। ਮਾਫ਼ੀਏ ਵੱਲੋਂ ਐਂਡਰਸ ਅਤੇ ਅੰਤੋਨੀਆ ਦੇ ਪਰਿਵਾਰ ਨੂੰ ਮਾਰਨ ਦੀ ਦਾਸਤਾਂ ਸੁਣ ਕੇ ਸੁਖਜੀਤ ਸਾਂਝ ਦੇ ਅਹਿਸਾਸ ਵਿਚੋਂ ਬੋਲਦਾ ਹੈ:-

*ਤੁਸੀਂ ਤਾਂ ਸਾਡੇ ਨਾਲੋਂ ਵੀ ਭਾਰੀ ਦੁਖ ਦੀ ਪੰਡ ਚੁੱਕੀ ਫਿਰਦੇ ਹੋ। ਅਸੀਂ ਵੀ ਮਾਫੀਆ ਵਰਗੀ ਪੁਲਿਸ ਤੇ ਮੂਲਵਾਦੀ ਅਤਿਵਾਦ ਦੇ ਸਤਾਏ ਦੇਸੋਂ ਬਦੇਸੇ ਹੋਏ ਫਿਰਦੇ ਹਾਂ*[5]

ਇਸ ਤਰ੍ਹਾਂ ਇਹ ਨਾਵਲੀ ਬਿਰਤਾਂਤ ਪਰਵਾਸ ਅਤੇ ਪਰਵਾਸ ਪਿੱਛੇ ਕਾਰਜਸ਼ੀਲ ਕਾਰਨਾਂ ਨੂੰ ਪੰਜਾਬ ਜਾਂ ਭਾਰਤ ਹੀ ਨਹੀਂ ਬਲਕਿ ਅੰਤਰਰਾਸ਼ਟਰੀ ਪੱਧਰ ਤੱਕ ਫੈਲੇ ਦਿਖਾਉਂਦਾ ਹੈ।

ਮੂਲਵਾਸ ਤੋਂ ਪਰਵਾਸ ਵੱਲ ਤੋਰਦੇ ਸੰਕਟ ਕੇਵਲ ਪੰਜਾਬ ਜਾਂ ਪੰਜਾਬੀਆਂ ਦੇ ਹੀ ਹਿੱਸੇ ਨਹੀਂ ਆਏ। ਬਲਕਿ ਪਰਵਾਸ ਦੀ ਪਿੱਠਭੂਮੀ ਵਿਚ ਕਾਰਜਸ਼ੀਲ ਅਜਿਹੇ ਸੰਕਟ ਭਾਰਤ ਦੇ ਹੋਰਨਾਂ ਖਿੱਤਿਆਂ ਦੇ ਨਾਲ-ਨਾਲ ਵਿਕਾਸ ਅਧੀਨ ਵੱਖ-ਵੱਖ ਦੇਸ਼ਾਂ ਦੇ ਬਾਸ਼ਿੰਦਿਆਂ ਦੀ ਪਰਵਾਸ ਹੰਢਾਉਣ ਦੀ ਸਾਂਝੀ ਹੋਣੀ ਸਿਰਜਦੇ ਹਨ। ਪਰਵਾਸ ਵਿਚ ਆਰਥਕ, ਰਾਜਨੀਤਕ, ਸਮਾਜਕ ਅਤੇ ਧਾਰਮਕ ਕਾਰਨ ਆਪਣਾ ਰੋਲ ਅਦਾ ਕਰਦੇ ਹਨ। ਧਨਵੰਤ ਕੌਰ ਅਨੁਸਾਰ:-

*ਨੌਕਰੀਆਂ ਅਤੇ ਜੀਵਨ ਹਾਲਤਾਂ ਦੇ ਪ੍ਰੇਰੇ, ਵਿਕਸਿਤ ਮੁਲਕਾਂ ਦੀ ਚਕਾਚੌਂਧ ਦੇ ਭਰਮਾਏ, ਕੁਦਰਤੀ ਸ੍ਰੋਤਾਂ ਅਤੇ ਰਾਜਨੀਤਕ ਤੇ ਧਾਰਮਕ ਵਸਤਾਂ ਵਰਤਾਰਿਆਂ ਦੇ ਖ਼ਤਰਨਾਕ ਮੋੜਾਂ ਤੇ ਖਲੋਤੇ ਤੀਜੀ ਦੁਨੀਆ ਦੇ ਬਾਸ਼ਿੰਦਿਆਂ ਦਾ ਸਰਹੱਦਾਂ ਟੱਪਣ ਲਈ ਬਿਹਬਲ ਤੇ ਬੇਚੈਨ ਰਹਿਣਾ ਬੜਾ ਕੁਦਰਤੀ ਹੈ*[6]

ਗੁਜਰਾਤ ਦਾ ਆਰਿਫ਼ ਜੋ ਕਿ ਮੁਸਲਮਾਨ ਪਰਿਵਾਰ ਨਾਲ ਸੰਬੰਧਿਤ ਹੈ, ਧਾਰਮਕ ਸੰਕੀਰਨਤਾ ਦਾ ਸ਼ਿਕਾਰ ਹੋਇਆ ਪਰਵਾਸ ਦੇ ਰਾਹ ਤੁਰਨ ਲਈ ਮਜਬੂਰ ਹੋ ਜਾਂਦਾ ਹੈ। ਗੁਜਰਾਤ ਵਿਚ ਹਿੰਦੂ ਤੇ ਮੁਸਲਮਾਨਾਂ ਵਿਚ ਉਭਰੇ ਧਾਰਮਕ ਸੰਕਟ ਦਾ ਨਤੀਜਾ ਇਹ ਹੁੰਦਾ ਹੈ ਕਿ ਆਰਿਫ਼ ਦੇ ਪਿਤਾ ਦੀ ਕਰਿਆਨੇ ਦੀ ਦੁਕਾਨ ਤੋਂ ਬਹੁ ਗਿਣਤੀ ਹਿੰਦੂ ਆਬਾਦੀ ਵਾਲੇ ਪਿੰਡ ਦੇ ਲੋਕ ਸਮਾਨ ਲੈਣਾ ਬੰਦ ਕਰ ਦਿੰਦੇ ਹਨ। ਆਰਥਕ ਤੰਗੀ ਅਤੇ ਬਦਲਦੇ ਹਾਲਾਤ ਆਰਿਫ਼ ਨੂੰ ਪਰਵਾਸ ਵੱਲ ਤੋਰ ਦਿੰਦੇ ਹਨ।

ਪਰਵਾਸ ਕਰਨ ਪਿੱਛੇ ਆਰਥਕਤਾ ਦਾ ਵੱਡਾ ਰੋਲ ਰਿਹਾ ਹੈ। ਮੂਲਵਾਸ ਦੀ ਮਾੜੀ ਆਰਥਕਤਾ ਦੇ ਅਨੁਭਵ ਕਾਰਨ ਬੰਦੇ ਨੂੰ ਆਪਣੀ ਆਰਥਕ ਸਥਿਤੀ ਸੁਧਾਰਨ ਦਾ ਕੋਈ ਰਾਹ ਨਜ਼ਰ ਨਾ ਪੈਣਾ ਜਾਂ ਮਾੜੀ ਆਰਥਕਤਾ ਤੋਂ ਛੁਟਕਾਰਾ ਪਾ ਲੈਣ ਦੀ ਕਾਹਲ ਵਰਗੀਆਂ ਪ੍ਰਸਥਿਤੀਆਂ ਉਸ ਲਈ ਪਰਵਾਸ ਦੀ ਹੋਣੀ ਸਿਰਜਦੀਆਂ ਹਨ। ਭਾਰਤ ਦੇ ਗੁਜਰਾਤੀ ਮੁੰਡੇ ਅਤੇ ਪਾਕਿਸਤਾਨ ਦੇ ਮੁਸ਼ਤਾਕ ਆਪਣੀ ਮਾੜੀ ਆਰਥਕਤਾ ਨੂੰ ਸੁਧਾਰਨ ਲਈ ਪਰਵਾਸ ਹੰਢਾਉਣ ਲਈ ਮਜਬੂਰ ਹੁੰਦੇ ਹਨ। ਮੁਸ਼ਤਾਕ ਜਾਣੇ-ਅਨਜਾਣੇ ਵਿਚ ਆਮ ਲੋਕਾਂ ਦੀ ਹੋਣੀ ਪਿੱਛੇ ਕਾਰਜਸ਼ੀਲ ਧਿਰ ਦੀ ਨਿਸ਼ਾਨਦੇਹੀ ਕਰਦਿਆਂ ਸੰਬੰਧਿਤ ਧਿਰ ਨੂੰ ਜ਼ਿੰਮੇਵਾਰ ਵੀ ਠਹਿਰਾਉਂਦਾ ਹੈ। ਮੁਸ਼ਤਾਕ ਦੇ ਕਹਿਣ ਅਨੁਸਾਰ:-

*ਪਾਕਿਸਤਾਨ ਸਿਰਫ ਫੌਜੀ ਅਫਸਰਾਨ ਤੇ ਸਿਆਸਤਦਾਨਾਂ ਦਾ ਮੁੱਲਖ ਹੈ। ਸਭ ਕੁਛ ਉਹਨਾਂ ਦੇ ਹੀ ਢਿੱਡਾਂ 'ਚ ਜਾ ਰਿਹੈ? ਉਹ ਅਰਬਾਂਪਤੀ ਤੇ ਰਿਆਇਆ ਕੱਖਾਂਪਤੀ ਹੋ ਗਈ ਐ*[7]

ਇਸ ਤਰ੍ਹਾਂ ਰਾਜਨੀਤੀ ਆਰਥਕ ਕਾਰਨਾਂ ਨੂੰ ਪ੍ਰਭਾਵਿਤ ਕਰਦੀ ਹੋਈ ਮੂਲਵਾਸ ਤੋਂ ਬੰਦੇ ਨੂੰ ਉਪਰਾਮ ਕਰ ਦਿੰਦੀ ਹੈ ਤੇ ਉਸ ਨੂੰ ਪਰਵਾਸ ਵਿਚਲੀਆਂ ਸੰਭਾਵਨਾਵਾਂ ਖਿੱਚ ਪਾਉਂਦੀਆਂ ਹਨ, ਇਸ ਦੀ ਤਸਵੀਰ ਮੁਸ਼ਤਾਕ ਰਾਹੀਂ ਸਪਸ਼ਟਤਾ ਨਾਲ ਸਾਹਮਣੇ ਆਉਂਦੀ ਹੈ।

ਆਰਥਕ ਮਜਬੂਰੀਆਂ ਹੀ ਨਹੀਂ, ਆਰਥਕ ਖ਼ਵਾਹਿਸ਼ਾਂ ਵੀ ਬੰਦੇ ਨੂੰ ਪਰਵਾਸ ਵੱਲ ਤੋਰਦੀਆਂ ਹਨ। ਆਰਥਕ ਖ਼ਵਾਹਿਸ਼ਾਂ ਨੂੰ ਨਾਵਲੀ ਬਿਰਤਾਂਤ ਵਿਚ ਸੰਕੇਤਕ ਰੂਪ ਵਿਚ ਛੋਹਿਆ ਗਿਆ ਹੈ। ਇਕ ਗੁਜਰਾਤੀ ਮੁੰਡਾ ਸਿਰਫ਼ ਇਸ ਲਈ ਪਰਵਾਸ ਦੇ ਰਾਹ ਪਿਆ ਹੈ ਤਾਂ ਕਿ ਉਹ ਆਪਣੀ ਆਰਥਕਤਾ ਨੂੰ ਹੋਰ ਬਿਹਤਰ ਕਰ ਸਕੇ ਅਤੇ ਅਮੀਰ ਘਰ ਦੀ ਕੁੜੀ ਨਾਲ ਜਿਸ ਨੂੰ ਉਹ ਪਿਆਰ ਕਰਦਾ ਹੈ, ਵਿਆਹ ਕਰਕੇ ਆਪਣੀ ਦਿਲੀ ਚਾਹਤ ਜਾਂ ਖ਼ਵਾਹਿਸ਼ ਪੂਰੀ ਕਰ ਸਕੇ।

ਮੂਲਵਾਸ ਦੀਆਂ ਮਜਬੂਰੀਆਂ ਜਾਂ ਸੰਕਟਾਂ ਦੇ ਨਿਤਾਰੇ ਨੂੰ ਵਿਕਸਿਤ ਦੇਸ਼ਾਂ ਦੀਆਂ ਸੁਖ-ਸਹੂਲਤਾਂ ਵਾਲੀਆਂ ਲਭੋਣੀਆਂ ਨੀਤੀਆਂ ਜਾਂ ਉਨ੍ਹਾਂ ਸਮਾਜਾਂ ਦੇ ਅਲਾਮਤਾਂ ਤੋਂ ਮੁਕਤ ਹੋਣ ਦਾ ਪ੍ਰਚਾਰ ਪਰਵਾਸ ਨੂੰ ਪ੍ਰਭਾਵਿਤ ਕਰਦਾ ਹੈ। ਭਾਰਤ ਵਿਚਲੀ ਰਿਜ਼ਰਵੇਸ਼ਨ ਵਾਲੀ ਨੀਤੀ ਤੋਂ ਨਿਰਾਸ਼ ਹਰਪਾਲਜੀਤ ਵਰਗੇ ਪਰਵਾਸ ਦੇ ਰਾਹ ਪੈ ਜਾਂਦੇ ਹਨ। ਅਜਿਹੀਆਂ ਨੀਤੀਆਂ ਉਨ੍ਹਾਂ ਨੂੰ ਆਪਣੇ ਰਾਹ ਦਾ ਰੋੜਾ ਲਗਦੀਆਂ ਹਨ। ਇਮਤਿਹਾਨ ਤੇ ਇੰਟਰਵਿਊ ਵਿਚੋਂ ਅਠਵੰਜਾ ਪ੍ਰਤੀਸ਼ਤ ਨੰਬਰ ਹੋਣ ਉਪਰੰਤ ਨੌਕਰੀ ਤੋਂ ਵਾਂਝਾ ਰਹਿ ਜਾਣ ਕਾਰਨ ਅਤੇ ਰਿਜ਼ਰਵੇਸ਼ਨ ਦੇ ਚਲਦੇ ਘੱਟ ਨੰਬਰਾਂ ਦੇ ਬਾਵਜੂਦ ਪਿੰਡ ਦੇ ਮੁੰਡੇ ਦੇ ਆਈ. ਏ. ਐੱਸ. ਅਫ਼ਸਰ ਬਣ ਜਾਣ ਕਾਰਨ ਹਰਪਾਲਜੀਤ 'ਪੀੜਤ ਹੀ ਨਹੀਂ, ਬੇਇੱਜ਼ਤ ਵੀ ਮਹਿਸੂਸ ਕਰਨ ਲੱਗ' ਜਾਂਦਾ ਹੈ। ਇਹ ਨਿਰਾਸ਼ਤਾ ਹੀ ਉਸ ਨੂੰ ਅਮਰੀਕੀ ਪਰਵਾਸ ਦੇ ਰਾਹ ਤੋਰਦੀ ਹੈ। ਉਸ ਦੇ ਕਹਿਣ ਅਨੁਸਾਰ:-

*ਅਮਰੀਕਾ ਵਿਚ ਨਾ ਰਿਜ਼ਰਵੇਸ਼ਨ, ਨਾ ਸਿਫ਼ਾਰਸ਼, ਨਾ ਵੱਢੀ ਮੇਰਾ ਰਾਹ ਰੋਕ ਸਕੇਗੀ*[8]

ਉਹ ਅਮਰੀਕਾ ਨੂੰ ਆਪਣੇ ਵੱਲੋਂ ਦੇਖੇ ਸੁਪਨਿਆਂ ਨੂੰ ਹਕੀਕੀ ਜਾਮਾਂ ਪਹਿਨਾਉਣ ਵਾਲੀ ਧਰਤੀ ਵਜੋਂ ਚਿਤਵਦਾ ਹੈ।

ਪਰਵਾਸ ਕਾਨੂੰਨੀ ਢੰਗ-ਤਰੀਕਿਆਂ ਨਾਲ ਵੀ ਕੀਤਾ ਜਾਂਦਾ ਹੈ ਅਤੇ ਗ਼ੈਰ-ਕਾਨੂੰਨੀ ਢੰਗ-ਤਰੀਕਿਆਂ ਨਾਲ ਵੀ ਕੀਤਾ ਜਾਂਦਾ ਹੈ। ਇਸ ਨਾਵਲੀ ਬਿਰਤਾਂਤ ਦਾ ਫੋਕਸ ਗ਼ੈਰ-ਕਾਨੂੰਨੀ ਢੰਗ ਨਾਲ ਕੀਤੇ ਜਾ ਰਹੇ ਪਰਵਾਸ ਦੇ ਰਸਤੇ ਦੇ ਸੰਕਟ ਅਤੇ ਸਮੱਸਿਆਵਾਂ ਹਨ। ਪਰਵਾਸ ਕਰਨ ਵਾਲਿਆਂ ਦੀ ਕਾਹਲੀ ਨੂੰ ਏਜੰਟ ਆਪਣੇ ਢੰਗ ਨਾਲ ਕੈਸ਼ ਕਰਦੇ ਹਨ। ਜਦੋਂ ਸੁਖਜੀਤ ਆਪਣੇ ਮਾਮੇ ਧੰਨਾ ਸਿੰਘ ਨਾਲ ਦਿੱਲੀ ਏਜੰਟ ਦੇ ਦਫ਼ਤਰ ਵਿਚ ਬੈਠਾ ਹੁੰਦਾ ਹੈ ਤਾਂ ਉਸ ਦਾ ਮਾਮਾ ਏਜੰਟ ਨੂੰ ਜਲਦੀ ਤੋਂ ਜਲਦੀ ਸੁਖਜੀਤ ਨੂੰ ਬਾਹਰ ਭੇਜਣ ਬਾਰੇ ਕਹਿੰਦਾ ਹੈ। ਏਜੰਟ ਉਸ ਨੂੰ ਇਕ ਹਫ਼ਤੇ ਦੇ ਅੰਦਰ ਹੀ ਅਮਰੀਕਾ ਭੇਜਣ ਦਾ ਦਾਅਵਾ ਕਰਦਾ ਹੈ। ਵਕਤਾ ਅਨੁਸਾਰ:-

*ਉਸਨੇ ਆਪਣੇ ਟੇਬਲ ਉਪਰ, ਸ਼ੀਸ਼ੇ ਹੇਠਾਂ ਰੱਖੇ, ਦੁਨੀਆ ਦੇ ਨਕਸ਼ੇ 'ਤੇ ਇਕ ਸਕਿੰਟ ਵਿਚ ਦਿੱਲੀ ਤੋਂ ਅਮਰੀਕਾ ਤੱਕ ਉਂਗਲ ਘੁੰਮਾ ਦਿੱਤੀ। ਯਕੀਨ ਦੁਆਉਣ ਦੇ ਅੰਦਾਜ਼ ਵਿਚ ਬੋਲਿਆ – ਬੱਸ ਇਸਨੂੰ ਅਮਰੀਕਾ ਪੁੱਜਿਆ ਸਮਝੋ। ਤੁਹਾਡਾ ਭਾਣਜਾ, ਸਾਡਾ ਵੀ ਤਾਂ ਭਾਣਜਾ ਹੋਇਆ।*[9]

ਸੁਖਜੀਤ ਦਾ ਇਹ ਸਫ਼ਰ ਤਮਾਮ ਔਕੜਾਂ ਤੇ ਮੁਸ਼ਕਿਲਾਂ ਜੋ ਉਸ ਨੇ ਕਦੇ ਸੋਚੀਆਂ ਵੀ ਨਹੀਂ ਸਨ, ਸਮੇਤ ਲਗਭਗ ਪੌਣੇ ਦੋ ਸਾਲ ਵਿਚ ਪੂਰਾ ਹੁੰਦਾ ਹੈ। ਜਿੱਥੇ ਏਜੰਟ ਪੜਾਅ ਦਰ ਪੜਾਅ ਆਪਣੇ ਪੈਸੇ ਅਮਰੀਕਾ ਪਹੁੰਚਾਉਣ ਤੋਂ ਪਹਿਲਾਂ ਪੂਰੇ ਕਰ ਲੈਂਦੇ ਹਨ। ਉੱਥੇ ਜੇ ਕਿਧਰੇ 'ਅਮਰੀਕਾ ਦੀ ਗੇਮ' ਵਿਚ ਕੋਈ ਰੁਕਾਵਟ ਪੈ ਜਾਵੇ ਤਾਂ ਉਸ ਦਾ ਹਰਜਾਨਾ ਸਮੇਂ ਅਤੇ ਪੈਸੇ ਦੇ ਰੂਪ ਵਿਚ ਇਸ ਰਾਹ 'ਤੇ ਤੁਰੇ ਨੌਜਵਾਨਾਂ ਨੂੰ ਭਰਨਾ ਪੈਂਦਾ ਹੈ। ਉਹ ਰਸਤਿਆਂ ਵਿਚ ਅਟਕਦੇ ਹੀ ਨਹੀਂ ਬਲਕਿ ਏਜੰਟਾਂ ਦੁਆਰਾ ਵਾਰ-ਵਾਰ ਹੋਰ ਪੈਸਿਆਂ ਦੀ ਮੰਗ ਵੀ ਪੂਰੀ ਕਰਦੇ ਹਨ। ਇਕ ਗੁਜਰਾਤੀ ਮੁੰਡੇ ਦੇ ਘਰ ਵਾਲੇ ਆਰਥਕ ਕਮਜ਼ੋਰੀ ਕਰਕੇ ਹੋਰ ਪੈਸੇ ਨਹੀਂ ਭੇਜ ਸਕੇ ਤਾਂ ਨਤੀਜੇ ਵਜੋਂ ਉਹ ਲੰਮਾਂ ਸਮਾਂ ਰਸਤੇ ਵਿਚ ਹੀ ਅਟਕਿਆ ਰਹਿੰਦਾ ਹੈ।

ਮੂਲਵਾਸ ਤੋਂ ਪਰਵਾਸ ਦਾ ਇਹ ਸਫ਼ਰ ਜੋ ਕਿ ਇਕ ਦਿਨ ਦਾ ਹੈ, ਕਿਵੇਂ ਘੰਟਿਆਂ ਤੋਂ ਦਿਨਾਂ, ਦਿਨਾਂ ਤੋਂ ਮਹੀਨਿਆਂ ਅਤੇ ਫਿਰ ਮਹੀਨਿਆਂ ਤੋਂ ਸਾਲਾਂ ਵਿਚ ਫੈਲਦਾ ਜਾਂਦਾ ਹੈ। ਇਸ ਤਰ੍ਹਾਂ ਇਹ ਨਾਵਲ ਪੌਣੇ ਦੋ ਸਾਲ ਦੇ ਕਰੀਬ ਸਮੇਂ ਨੂੰ ਚਿਤਰਦਾ ਗ਼ੈਰ-ਕਾਨੂੰਨੀ ਰਸਤਿਆਂ ਦੀਆਂ ਅਮਾਨਵੀ ਹਕੀਕਤਾਂ ਦੀਆਂ ਤਹਿਆਂ ਫਰੋਲਦਾ ਜਾਂਦਾ ਹੈ। ਡੰਕੀ ਪਰਵਾਸ ਦੇ ਜੋਖ਼ਮ ਦਾ ਪੂਰਾ ਹਾਲ ਜਾਂ ਚਿੱਤਰ ਇਸ ਨਾਵਲ ਵਿਚ ਪੇਸ਼ ਕੀਤਾ ਗਿਆ ਹੈ।

ਰਸਤੇ ਵਿਚਲੇ ਜੋਖ਼ਮ ਉਨ੍ਹਾਂ ਦੇ ਜ਼ਿਹਨ ਵਿਚ ਘਰ ਦੀਆਂ ਯਾਦਾਂ ਨੂੰ ਤਾਜ਼ਾ ਕਰਦੇ ਹਨ। ਮਾੜੇ ਹਾਲਾਤ ਵਿਚ ਉਨ੍ਹਾਂ ਨੂੰ ਘਰ ਦੀਆਂ ਚੰਗੀਆਂ ਯਾਦਾਂ ਮੋਹ ਭਾਵ ਨਾਲ ਭਰ ਦਿੰਦੀਆਂ ਹਨ। ਸੁਖਜੀਤ ਨੂੰ ਜਦੋਂ ਸੁੱਕੇ ਬਰੈੱਡ ਖਾਣੇ ਪੈਂਦੇ ਹਨ ਤੇ ਪੈਸੇ ਬਚਾਉਣ ਲਈ ਹਾਲਾਤ ਨਾਲ ਸਮਝੌਤਾ ਕਰਨਾ ਪੈਂਦਾ ਹੈ ਤਾਂ ਉਸ ਦੇ ਚੇਤਿਆਂ ਵਿਚ ਘਰ ਦੀਆਂ ਯਾਦਾਂ ਤਾਜ਼ਾ ਹੋ ਜਾਂਦੀਆਂ ਹਨ। ਇਸੇ ਤਰ੍ਹਾਂ ਸੁਖਜੀਤ ਜੋ ਅਜੇ ਰਸਤਿਆਂ ਦੀਆਂ ਧੂੜਾ ਫੱਕ ਰਿਹਾ ਹੈ, ਦੇ ਪਰਿਵਾਰ ਵੱਲੋਂ ਮੁੰਡੇ ਦੇ ਅਮਰੀਕਾ ਪਹੁੰਚਣ ਦੀ ਖ਼ੁਸ਼ੀ ਵਿਚ ਕਰਵਾਏ ਗਏ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸੰਗਤਾਂ ਨੂੰ ਲੰਗਰ ਖਵਾਉਣ ਦਾ ਜ਼ਿਕਰ ਆਦਿ ਵੇਰਵੇ ਪਾਤਰ ਦੀ ਵਿਰੋਧਾਭਾਸ ਵਾਲੀ ਯਥਾਰਥਕ ਹੋਣੀ ਨਾਲ ਜੁੜ ਕੇ ਦੁਖਾਂਤ ਸਿਰਜਦੇ ਹਨ।

ਇਸ ਗ਼ੈਰ-ਕਾਨੂੰਨੀ ਰਸਤੇ ਉੱਪਰ ਪਲ-ਪਲ ਮੌਤ ਦਾ ਸਹਿਮ ਉਨ੍ਹਾਂ ਨੂੰ ਡਰਾਉਂਦਾ ਤੇ ਸਤਾਉਂਦਾ ਰਹਿੰਦਾ ਹੈ। ਇਨ੍ਹਾਂ ਰਸਤਿਆਂ ਤੋਂ ਪਹਿਲਾਂ ਲੰਘਿਆਂ ਅਤੇ ਉਨ੍ਹਾਂ ਵਿਚੋਂ ਕੁਝ ਰਸਤੇ ਵਿਚ ਮਰ-ਖਪ ਗਿਆਂ ਦੀਆਂ ਕਹਾਣੀਆਂ ਸਹਿਮ ਦਾ ਮਾਹੌਲ ਸਿਰਜਦੀਆਂ ਹਨ। ਵੱਖ-ਵੱਖ ਦੇਸ਼ਾਂ ਵਿਚੋਂ ਲੰਘਣ ਸਮੇਂ ਪੁਲਿਸ ਦਾ ਸਾਹਮਣਾ ਹੁੰਦਾ ਹੈ। ਜਿੱਥੇ ਕਦੇ ਉਹ ਰਿਸ਼ਵਤ ਦੇ ਕੇ ਬਚ ਨਿਕਲਦੇ ਹਨ ਅਤੇ ਕਦੇ ਤਸ਼ੱਦਦ ਦੇ ਰੂਪ ਵਿਚ ਕੁੱਟਮਾਰ ਦਾ ਸ਼ਿਕਾਰ ਹੁੰਦੇ ਹਨ।

ਜੰਗਲਾਂ ਦੇ ਹਨੇਰੇ ਰਸਤਿਆਂ ਵਿਚੋਂ ਲੰਘਦਿਆਂ ਦਿਲ ਦਹਿਲਾ ਦੇਣ ਵਾਲੇ ਦ੍ਰਿਸ਼ਾਂ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਰਸਤਿਆਂ ਦੀ ਥਕਾਵਟ ਜਾਂ ਬਿਮਾਰ ਹੋਣ ਕਾਰਨ ਆਪਣੇ ਗਰੁੱਪ ਤੋਂ ਵਿਛੜ ਕੇ ਭਟਕਦਿਆਂ ਤੇ ਭੁੱਖ-ਪਿਆਸ ਨਾਲ ਘੁਲਦਿਆਂ ਜ਼ਿੰਦਗੀ ਤੋਂ ਵਿਛੜਿਆਂ ਦੀਆਂ ਲਾਸ਼ਾਂ ਉਨ੍ਹਾਂ ਨੂੰ ਸੁੰਨ ਕਰ ਜਾਂਦੀਆਂ ਹਨ।

ਗ਼ੈਰ-ਕਾਨੂੰਨੀ ਰਸਤਿਆਂ 'ਤੇ ਤੁਰੇ ਇਹ ਪਾਤਰ ਲੋੜ ਪੈਣ 'ਤੇ ਮਾੜੇ ਹਾਲਾਤ ਵਿਚ ਵੀ ਵਿਰੋਧ ਕਰਦੇ ਹੋਏ ਆਪਣੀ ਹੋਂਦ ਦਾ ਅਹਿਸਾਸ ਕਰਵਾਉਂਦੇ ਹਨ। ਉਹ ਬੇਗਾਨੇ ਦੇਸ਼ ਅੰਦਰ ਜੇਲ੍ਹ ਵਿਚ ਕੈਦ ਸਮੇਂ ਮਾੜੇ ਖਾਣੇ ਦੇ ਵਿਰੋਧ ਵਿਚ ਭੁੱਖ ਹੜਤਾਲ ਕਰਦੇ ਹਨ। ਇਸ ਭੁੱਖ ਹੜਤਾਲ ਵਿਚ ਹਰਪਾਲਜੀਤ ਰਾਹੀਂ ਪੰਜਾਬੀਆਂ ਨੂੰ ਮੋਹਰੀ ਬਣਾਇਆ ਗਿਆ ਹੈ।

ਇਨ੍ਹਾਂ ਗ਼ੈਰ-ਕਾਨੂੰਨੀ ਰਸਤਿਆਂ ਉੱਪਰ ਤੁਰੀਆਂ ਕੁੜੀਆਂ ਮੁੰਡਿਆਂ ਵਾਲੀਆਂ ਸਭ ਮੁਸ਼ਕਿਲਾਂ, ਔਕੜਾਂ, ਦਿੱਕਤਾਂ, ਪ੍ਰੇਸ਼ਾਨੀਆਂ, ਸਮੱਸਿਆਵਾਂ ਤਾਂ ਝੱਲਦੀਆਂ ਹੀ ਹਨ ਪਰ ਆਪਣੇ ਵੱਖਰੇ ਜੈਂਡਰ ਵਜੋਂ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਵੱਖਰਾ ਸੰਤਾਪ ਭੋਗਦੀਆਂ ਹਨ। ਸੁਖਜੀਤ ਰਾਹੀਂ ਵਕਤਾ ਦਾ ਇਹ ਬਿਆਨ ਸਮੁੱਚੀ ਸਥਿਤੀ ਨੂੰ ਪੇਸ਼ ਕਰਦਾ ਹੈ:-

*ਸੁਖਜੀਤ ਦੇਖਦਾ, ਏਜੰਟ ਰੋਜ਼ ਰਾਤ ਨੂੰ ਕਿਸੇ ਨਾ ਕਿਸੇ ਕੁੜੀ ਨੂੰ ਲੈ ਜਾਂਦੇ ਸਨ। ਅਗਲੀ ਸਵੇਰ ਉਹ ਕੁੜੀ ਥੱਕੀ-ਟੁੱਟੀ ਮੁੜਦੀ। ਸਭ ਨੂੰ ਪਤਾ ਸੀ ਕਿ ਉਹਨਾਂ ਵਿਚਾਰੀਆਂ ਨਾਲ ਰਾਤ ਨੂੰ ਕੀ ਕੀਤਾ ਜਾਂਦਾ ਹੈ।*[10]

ਡੌਂਕਰਾਂ ਵੱਲੋਂ ਤਾਂ ਇਹ ਕੁੜੀਆਂ ਸ਼ੋਸ਼ਣ ਦਾ ਸ਼ਿਕਾਰ ਹੁੰਦੀਆਂ ਹਨ, ਨਾਲ ਹੀ ਜਦੋਂ ਕਿਤੇ ਰਸਤੇ ਵਿਚ ਪੁਲਿਸ ਦੀ ਰੇਡ ਦੌਰਾਨ ਡੰਕੀ ਲਾਉਣ ਵਾਲਿਆਂ ਦਾ ਕੋਈ ਗਰੁੱਪ ਫੜਿਆ ਜਾਂਦਾ ਹੈ ਤਾਂ ਉਸ ਸਮੇਂ ਉਨ੍ਹਾਂ ਸਾਹਮਣੇ ਪੇਸ਼ ਕੀਤਾ

ਜਾਣਾ ਵੱਖਰੇ ਜੈਂਡਰ ਵਜੋਂ ਅਜਿਹੀ ਹੋਣੀ ਭੋਗਣ ਦੇ ਦੁਖਾਂਤ ਨੂੰ ਹੋਰ ਗਹਿਰਾਉਂਦਾ ਹੈ। ਪੰਜਾਬ ਵਿਚ ਉਭਰੇ ਅਤਿਵਾਦ ਦੇ ਦੌਰ ਵਿਚ ਕਰਨੈਲ ਦੀ ਭੈਣ, ਕੋਲੰਬੀਆ ਵਿਚਲੇ ਮਾਫ਼ੀਏ ਕਾਰਨ ਐਰਵਿਨ ਦੀ ਪਤਨੀ ਅਤੇ ਹੋਰਨਾਂ ਅਨੇਕਾਂ ਕੁੜੀਆਂ ਵਾਂਗ ਡੰਕੀ ਲਾ ਰਹੀ ਅੰਤੋਨੀਆ ਵੀ ਇਹੀ ਦੁਖਾਂਤ ਭੋਗਦੀਆਂ ਹਨ।

ਨਾਵਲੀ ਬਿਰਤਾਂਤ ਗ਼ੈਰ-ਕਾਨੂੰਨੀ ਰਸਤਿਆਂ ਨੂੰ ਪਾਰ ਕਰ ਅਮਰੀਕਾ ਦੀ ਧਰਤੀ ਉੱਪਰ ਪਹੁੰਚੇ ਬੰਦੇ ਦੀ ਪਰਵਾਸੀ ਜ਼ਿੰਦਗੀ ਨੂੰ ਵੀ ਪੇਸ਼ ਕਰਦਾ ਹੈ। ਪਰਵਾਸ ਧਾਰਨ ਕਰਨ ਤੋਂ ਪਹਿਲਾਂ ਸੰਬੰਧਿਤ ਬਾਹਰਲੇ ਦੇਸ਼ ਵਿਚਲੀ ਜ਼ਿੰਦਗੀ ਬਾਰੇ ਇਕ ਸੁਪਨਮਈ ਸੰਸਾਰ ਦਾ ਬਿੰਬ ਜ਼ਿਹਨ ਵਿਚ ਬਣਿਆ ਹੁੰਦਾ ਹੈ। ਜਿਸ ਵਿਚ ਸਾਰਾ ਕੁਝ ਚੰਗਾ ਹੀ ਚੰਗਾ ਹੁੰਦਾ ਹੈ। ਜਸਵਿੰਦਰ ਸਿੰਘ ਅਨੁਸਾਰ:-

*"ਪਰਵਾਸੀ ਸੁੰਦਰਤਾ ਤੋਂ ਉਤਪੰਨ ਅੰਤਰ-ਦ੍ਰਿਸ਼ਟੀਆਂ ਵਿਚੋਂ ਸਭ ਤੋਂ ਰੌਚਕ ਇਹ ਹੈ ਕਿ ਇਸ ਆਰਥਕ ਅਤੇ ਸਭਿਆਚਾਰਕ ਉਤਮਤਾ ਦਾ ਬਿੰਬ ਪਰਵਾਸੀ ਬੰਦਾ ਪਰਵਾਸ ਕਰਨ ਤੋਂ ਪਹਿਲਾਂ ਬਣਾਉਂਦਾ ਹੈ।"*[11]

ਇਹ ਨਾਵਲ ਪਰਵਾਸ ਦੇ ਪਹਿਲਾਂ ਤੋਂ ਸਿਰਜੇ ਅਜਿਹੇ ਬਿੰਬ ਨੂੰ ਜਿੱਥੇ ਸੁਖਜੀਤ, ਜਿੰਦਰ, ਹਰਪਾਲਜੀਤ ਦੀ ਪਰਵਾਸੀ ਧਰਤੀ ਉੱਪਰ ਸਥਾਪਤ ਹੋਣ ਦੀ ਸਫਲਤਾ ਰਾਹੀਂ ਸਾਕਾਰ ਹੁੰਦੇ ਦਿਖਾਉਂਦਾ ਹੈ। ਉੱਥੇ ਇਸ ਸਮਾਜ ਵਿਚਲੀਆਂ ਅਲਾਮਤਾਂ ਵੱਲ ਸੰਕੇਤ ਕਰਦੀਆਂ ਘਟਨਾਵਾਂ ਜਿਵੇਂ ਨਸਲੀ ਵਿਤਕਰਾ, ਇਲਲੀਗਲ ਹੋਣ ਕਾਰਨ ਇਨਸਾਫ਼ ਨਾ ਮਿਲਣਾ, ਗ਼ਰੀਬ ਮੁਲਕਾਂ ਦੀਆਂ ਕੁੜੀਆਂ ਨੂੰ ਜਬਰੀ ਧੰਦੇ ਵਿਚ ਧੱਕਣਾ ਆਦਿ, ਇਸ ਸਮਾਜ ਵਿਚਲੇ ਸਾਰਾ ਕੁਝ ਚੰਗੇ ਹੋਣ ਦੇ ਬਿੰਬ ਨੂੰ ਤੋੜਦੀਆਂ ਹਨ।

'ਇਕ ਹੋਰ ਪੁਲ ਸਰਾਤ' ਨਾਵਲ ਵਿਚ ਪਰਵਾਸ ਦਾ ਰਾਹ 'ਪੁਲਸਰਾਤ' ਦੇ ਨਿਆਈਂ ਹੈ। 'ਮਹਾਨ ਕੋਸ਼' ਅਨੁਸਾਰ:-

*ਇੱਕ ਪੁਲ, ਜਿਸ ਦਾ ਨਰਕ ਦੀ ਅਗਨੀ ਉੱਪਰ ਹੋਣਾ ਮੁਸਲਮਾਨ ਮੰਨਦੇ ਹਨ। ਇਹ ਪੁਲ ਬਾਲ ਤੋਂ ਭੀ ਬਾਰੀਕ ਹੈ ਅਰ ਤਲਵਾਰ ਦੀ ਧਾਰ ਤੋਂ ਤਿੱਖਾ ਹੈ। ਦੋਹੀਂ ਪਾਸੀਂ ਤਿੱਖੇ ਕੰਡੇ ਹਨ, ਜੋ ਏਧਰ ਓਧਰ ਹਿੱਲਣ ਨਹੀਂ ਦਿੰਦੇ। ਧਰਮੀ ਇਸ ਉੱਪਰੋਂ ਛੇਤੀ ਲੰਘ ਜਾਂਦੇ ਹਨ ਅਰ ਪਾਪੀ ਨਰਕ ਦੀ ਅੱਗ ਵਿੱਚ ਡਿਗ ਪੈਂਦੇ ਹਨ।*[12]

ਇਸ ਤਰ੍ਹਾਂ 'ਪੁਲਸਰਾਤ' ਮਿਥ ਵਾਲਾ ਰਾਹ ਪਰਵਾਸ ਦੇ ਰਾਹ ਪਏ ਇਨ੍ਹਾਂ ਪਾਤਰਾਂ ਲਈ 'ਇਕ ਹੋਰ ਪੁਲ ਸਰਾਤ' ਹੋ ਨਿਬੜਦਾ ਹੈ। 'ਪੁਲਸਰਾਤ' ਮਿਥ ਦੇ ਅਰਥਾਂ ਦੀ ਧੁੰਨੀ ਨਾਵਲ ਦੇ ਸਮੁੱਚੇ ਬਿਰਤਾਂਤ ਵਿਚ ਹਰ ਸਮੇਂ, ਸਥਾਨ, ਘਟਨਾ ਅਤੇ ਪਾਤਰਾਂ ਦੇ ਬੋਲਾਂ ਅਤੇ ਮਾਨਸਿਕ ਧਰਾਤਲ 'ਤੇ ਚਲਦੀਆਂ ਸੋਚਾਂ ਦੌਰਾਨ ਲੁਕਵੇਂ ਤੇ ਉਜਾਗਰ ਰੂਪ ਵਿਚ ਸੁਣਾਈ ਦਿੰਦੀ ਰਹਿੰਦੀ ਹੈ। ਇਸ ਰਸਤੇ ਵਿਚ ਬੰਦੇ ਦਾ ਬੇਇੰਤਹਾ ਹਠ, ਸਿਰੜ, ਜ਼ਿੱਦ ਦੀ ਸ਼ਿੱਦਤ ਉਸ ਦੇ ਮਦਦਗਾਰ ਬਣਦੇ ਹਨ। ਨਾਵਲੀ ਬਿਰਤਾਂਤ ਪਰਵਾਸ ਦੇ ਰਾਹਾਂ ਦੀਆਂ ਔਕੜਾਂ, ਮੁਸ਼ਕਿਲਾਂ, ਤੰਗੀਆਂ, ਡਰ, ਸਹਿਮ ਵਿਚੋਂ ਲੰਘਦੀ ਜ਼ਿੰਦਗੀ ਨੂੰ 'ਪੁਲਸਰਾਤ' ਦੇ ਮੈਟਾਫਰ ਵਿਚ ਇਸ ਤਰ੍ਹਾਂ ਬੰਨਦਾ ਹੈ ਕਿ ਜ਼ਿੰਦਗੀ ਦੇ ਰਾਹ ਵਿਚਲੀਆਂ ਮੁਸ਼ਕਿਲਾਂ 'ਪੁਲਸਰਾਤ' ਤੋਂ ਵੱਡੀਆਂ ਲਗਦੀਆਂ ਹਨ। ਇਸ ਸਮੁੱਚੀ ਸਥਿਤੀ ਦਾ ਪ੍ਰਗਟਾਵਾ ਡਾਕਟਰ ਜਗਤਾਰ ਦਾ ਇਹ ਸ਼ਿਅਰ ਕਰਦਾ ਹੈ:-

*ਜ਼ਿੰਦਗੀ ਦੀ ਰਾਹ ਤੋਂ ਮੁਸ਼ਕਿਲ ਨਹੀਂ ਹੈ ਪੁਲਸਰਾਤ,*
*ਹਰ ਕਦਮ ਇਕ ਹਾਦਸਾ ਹੈ ਹਰ ਕਦਮ ਇਕ ਮੋੜ ਹੈ।*

ਇਸ ਤਰ੍ਹਾਂ ਡੰਕੀ ਦਾ ਇਹ ਰਸਤਾ ਬੇਅੰਤ ਔਕੜਾਂ ਤੇ ਕਠਨਾਈਆਂ ਨਾਲ ਲੈਸ ਹੈ। ਇਸ ਰਸਤੇ 'ਤੇ ਦਰਪੇਸ਼ ਆਉਂਦੀਆਂ ਔਕੜਾਂ ਅਤੇ ਕਠਨਾਈਆਂ ਦੀ ਸੋਝੀ ਹੋਣ ਦੇ ਬਾਵਜੂਦ ਵੀ ਬੰਦੇ ਦੀਆਂ ਮਜਬੂਰੀਆਂ ਜਾਂ ਖ਼ਵਾਹਿਸ਼ਾਂ ਐਨੀਆਂ ਵੱਡੀਆਂ ਹੁੰਦੀਆਂ ਹਨ ਕਿ ਉਹ ਇਨ੍ਹਾਂ ਬਿਖੜੇ ਪੈਂਡਿਆਂ 'ਤੇ ਤੁਰ ਪੈਂਦੇ ਹਨ। ਡੰਕੀ ਦੇ ਰਸਤੇ 'ਤੇ ਕਿਸੇ ਨੂੰ ਕੁਝ ਨਹੀਂ ਪਤਾ ਕਿ ਸਿਰ 'ਤੇ ਮੰਡਰਾ ਰਹੀ ਮੌਤ ਨੇ ਕਿਸ ਨੂੰ ਕਦੋਂ ਦਬੋਚ ਲੈਣਾ ਹੈ। ਮੂਲਵਾਸ ਦੀਆਂ ਮਜਬੂਰੀਆਂ, ਤੰਗੀਆਂ ਇਸ ਰਸਤੇ ਦੇ ਮਾੜੇ ਤੋਂ ਮਾੜੇ ਹਾਲਾਤ ਸਮੇਂ ਵੀ ਉਨ੍ਹਾਂ ਦੇ ਸਿਰੜ ਨੂੰ ਕਾਇਮ ਰੱਖਣ ਵਿਚ ਸਹਾਈ ਹੁੰਦੀਆਂ ਹਨ। ਜਦੋਂ ਉਹ ਪਿੱਛੇ ਮੁੜ ਕਿ ਮੂਲਵਾਸ ਵੱਲ ਝਾਕਦੇ ਹਨ ਤਾਂ ਕਿਸੇ ਨੂੰ ਮੌਤ ਦੇ ਰੂਪ ਵਿਚ ਪੁਲਿਸ, ਕਿਸੇ ਨੂੰ ਅਤਿਵਾਦੀ, ਕਿਸੇ ਨੂੰ ਮਾਫ਼ੀਆ, ਕਿਸੇ ਨੂੰ ਮਾੜੀ ਆਰਥਕਤਾ ਦਿਖਾਈ ਦਿੰਦੀ ਹੈ। ਪਿਛੋਕੜ ਵਿਚ ਹੱਡੀਂ ਹੰਢਾਇਆ ਇਹ ਅਨੁਭਵ ਹੀ ਉਨ੍ਹਾਂ ਨੂੰ ਅੱਗੇ ਤੋਰੀ ਰੱਖਦਾ ਹੈ। ਡੰਕੀ ਦੇ ਦਰਦਨਾਕ ਰਸਤਿਆਂ ਨੂੰ ਬਿਆਨ ਕਰਦੇ ਇਸ ਨਾਵਲ ਦਾ ਬਿਰਤਾਂਤ ਲਗਭਗ ਚਾਰ ਦਹਾਕੇ ਪਹਿਲਾਂ ਦਾ ਹੈ। ਪਰ ਲੰਮੇ ਵਕਫ਼ੇ ਦੇ ਬਾਅਦ ਅੱਜ ਵੀ ਡੰਕੀ ਰਾਹੀਂ ਅਮਰੀਕਾ ਪਰਵਾਸ ਕਰਨ ਵਾਲਿਆਂ ਦੀ ਗਿਣਤੀ ਪਹਿਲਾਂ ਦੇ ਮੁਕਾਬਲੇ ਵਧੀ ਹੀ ਹੈ ਘਟੀ ਨਹੀਂ। ਜਿਸ ਸਦਕਾ ਇਹ ਨਾਵਲ ਆਪਣੀ ਸਾਰਥਕਤਾ ਆਪ ਬਿਆਨ ਕਰਦਾ ਹੋਇਆ ਇਸ 'ਇਕ ਹੋਰ ਪੁਲ ਸਰਾਤ' 'ਤੇ ਤੁਰਨ ਤੋਂ ਪਹਿਲਾਂ ਸੋਚਣ, ਵਿਚਾਰਨ ਦੀ ਸੋਝੀ ਪ੍ਰਦਾਨ ਕਰਦਾ ਹੈ।

## ਹਵਾਲੇ ਅਤੇ ਟਿੱਪਣੀਆਂ


1. *ਬਲਦੇਵ ਸਿੰਘ ਗਰੇਵਾਲ, ਇਕ ਹੋਰ ਪੁਲ ਸਰਾਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2023, ਪੰਨਾ 27*
2. *ਉਹੀ, ਪੰਨਾ 175*
3. *ਉਹੀ, ਪੰਨਾ 98*

4. ਉਹੀ, ਪੰਨਾ 22

5. ਉਹੀ, ਪੰਨਾ 44

6. ਧਨਵੰਤ ਕੌਰ, ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ, ਆਰਸੀ ਪਬਲਿਸ਼ਰਜ਼, ਦਿੱਲੀ, 2018, ਪੰਨਾ 9

7. ਬਲਦੇਵ ਸਿੰਘ ਗਰੇਵਾਲ, ਉਹੀ, ਪੰਨਾ 88

8. ਉਹੀ, ਪੰਨਾ 84

9. ਉਹੀ, ਪੰਨਾ 13

10. ਉਹੀ, ਪੰਨਾ 30

11. ਜਸਵਿੰਦਰ ਸਿੰਘ, "ਪਰਵਾਸੀ ਪੰਜਾਬੀ ਸਾਹਿਤ: ਪ੍ਰਭਾਵੀ ਅੰਤਰ ਸਭਿਆਚਾਰਕ ਦ੍ਰਿਸ਼ਟੀਆਂ", ਪਰਵਾਸੀ ਸਾਹਿਤ ਦਾ ਸਭਿਆਚਾਰਕ ਪ੍ਰਸੰਗ, (ਸੰਪਾ. ਹਰਚੰਦ ਸਿੰਘ ਬੇਦੀ), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 2007, ਪੰਨਾ 39

12. ਭਾਈ ਕਾਨ੍ਹ ਸਿੰਘ ਨਾਭਾ, ਗੁਰੁਸ਼ਬਦ ਰਤਨਾਕਰ ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, 2019, ਪੰਨਾ 199.